देवानां भद्रा सुमतिर्ऋजूयताम्।। ऋ० १/८६/२

9 772395 711007

Impact Factor 7.523

ISSN : 2395-7115

नवम्बर 2024

Vol.-20, Issue-5(1)

# Bohal Shodh Manjusha

AN INTERNATIONAL PEER REVIEWED, REFEREED MULTIDISCIPLINARY & MULTIPLE LANGUAGES RESEARCH JOURNAL

UGC Valid Journal (The Gazette of India, Extraordinary Part III, Section 4, Dated July 18, 2018)

## वैश्वीकरण के दौर में बदलती सामाजिक व्यवस्था

Guru Nanak Girls College
Sant Pura, Yamuna Nagar

विशेषांक सम्पादक :
डॉ. गीतू खन्ना,
डॉ. अमनदीप कौर

सम्पादक :
डॉ. नरेश सिहाग
एडवोकेट

*Publisher :*
Gugan Ram Educational & Social Welfare Society (Regd.)
202, Old Housing Board, Bhiwani, Haryana-127021

Scanned with OKEN Scanner

Scanned with OKEN Scanner

स्व. चौ. गुगनराम सिहाग व उनकी छोटी बहन स्व. श्रीमती गीना देवी के शुभाशीर्वाद से प्रकाशित

JOURNAL OF HUMANITIES, COMMERECE, SCIENCE, MANAGEMENT & LAW

# बोहल शोध मञ्जूषा

# Bohal Shodh Manjusha

AN INTERNATIONAL PEER REVIEWED, REFEREED
MULTIDISCIPLINARY & MULTIPLE LANGUAGES RESEARCH JOURNAL

**Vol. 20** **ISSUE-5(1)** **(नवम्बर 2024)** **ISSN : 2395-7115**

*प्रेरणा :*

चौ. एम. सिहाग

*विशेषांक सम्पादक :*

डॉ. गीतू खन्ना,
डॉ. अमनदीप कौर

*सम्पादक :*

**डॉ. नरेश सिहाग 'बोहल', एडवोकेट**

एम.ए. (समाजशास्त्र, लोक प्रशासन, हिन्दी शिक्षा शास्त्र, पत्रकारिता),
एम.फिल (समाजशास्त्र, हिन्दी) एम. लिब., एल-एल.बी. (ऑनर्स),
डिप्लोमा पंचायती राज (रजत पदक विजेता), पी.एच.डी. (हिन्दी)
डी.लिट् (मानद उपाधि), काठमांडू, नेपाल
विभागाध्यक्ष हिन्दी एवं शोध निर्देशक
टांटिया विश्वविद्यालय, श्रीगंगानगर-335001 (राज.)

**प्रकाशक :**

**गुगनराम एजुकेशनल एण्ड सोशल वैलफेयर सोसायटी (रजि.)**

202, पुराना हाऊसिंग बोर्ड, भिवानी-127021 (हरियाणा)



Scanned with OKEN Scanner

64. ਵਿਸ਼ਵੀਕਰਨ ਦੇ ਦੌਰ ਵਿਚ ਗੁਰਦਿਆਲ ਸਿੰਘ ਦੇ ਨਾਵਲਾਂ ਦੀ ਪ੍ਰਸੰਗਿਕਤਾ — ਡਾ. ਗੁਰਜਿੰਦਰ ਕੌਰ — 341-345

65. ਸਮਕਾਲੀ ਕਵਿਤਾ ਵਿਚ ਤਿੜਕਦੇ ਅਹਿਸਾਸਾਂ ਦੀ ਪੀੜ ਦਾ ਬਿਆਨ — ਡਾ. ਸੁਖਵਿੰਦਰ ਕੌਰ ਕੰਵਲ — 346-350

66. साहित्य में नारी — डॉ. कर्मजीत कौर — 351-354

67. वैश्वीकरण के दौर में स्त्री-मुक्ति के प्रश्न (विशेष संदर्भ : चित्रा मुद्‌गल के उपन्यास) — डॉ. अंजना नायक — 355-359

68. ਵਿਸ਼ਵੀਕਰਨ ਵਿੱਚ ਦਲਿਤ ਵਰਗ ਦੀ ਪਛਾਣ — ਸਹਾਇਕਪ੍ਰੋਫੈਸਰਯੋਗਿਤਾ ਚੰਦੇਲ — 360-367

69. ਵਿਸ਼ਵੀਕਰਣ ਦੇ ਸੰਦਰਭ ਵਿੱਚ ਸੰਤ ਬਾਣੀਮਹੱਤਵ — ਸੁਨੀਲ ਕੁਮਾਰ ਨਾਗਰਾ — 368-373

70. सामाजिक चेतना के पोषक : मुनिश्री तरुणसागर — डॉ. अनुभा जैन — 374-377

71. ਵਿਸ਼ਵੀਕਰਨ ਦੇ ਦੌਰ ਵਿਚ ਆਂਚਲਿਕਤਾ ਦੀ ਗੱਲ ਕਰਦਾ ਨਾਵਲ 'ਅੱਧ ਚਾਨਣੀ ਰਾਤ' — ਸਤਵੀਰ ਕੌਰ — 378-384

72. वैश्विक परिदृश्य में आंचलिक उपन्यासों का मूल्यांकन — डॉ. लक्ष्मी गुप्ता — 385-388

73. वैश्वीकरण और हिन्दी उपन्यास साहित्य में अन्तर्सबन्ध — डॉ. धीरेन्द्र सिंह थापा — 389-392

74. वैश्वीकरण के दौर में हिन्दी साहित्य में चित्रित नारी की दशा — श्रीमती प्रेमलता पाटिल — 393-398

75. वैश्वीकरण के दौर में साहित्य में वर्णित प्रवास का दर्द — डॉ. प्रवीण कटारिया — 399-403

76. ਵਿਸ਼ਵੀਕਰਨ ਦੇ ਸੰਦਰਭ ਵਿੱਚ ਗੁਰੂ ਨਾਨਕ ਬਾਣੀ ਦੀ ਮਹੱਤਤਾ — ਹਰਜੀਤ ਕੌਰ — 404-410

77. ਵਿਸ਼ਵੀਕਰਨ ਦੇ ਦੌਰ ਵਿੱਚ ਸਮਾਜਿਕ ਬਦਲਾਅ — ਨੀਤੂ ਸ਼ਰਮਾ — 411-416




Scanned with OKEN Scanner
Scanned with OKEN Scanner

www.bohalshodhmanjusha.com
Impact Factor : 7.523

Bohal Shodh Manjusha ISSN : 2395-7115
Nov. 2024 Page No. : 360-367

AN INTERNATIONAL PEER REVIEWED, REFEREED MULTIDISCIPLINARY
& MULTIPLE LANGUAGES RESEARCH JOURNAL

# ਵਿਸ਼ਵੀਕਰਨ ਵਿੱਚ ਦਲਿਤ ਵਰਗ ਦੀ ਪਛਾਣ

ਸਹਾਇਕਪ੍ਰੋਫੈਸਰਯੋਗਿਤਾ ਚੰਦੇਲ

ਪੰਜਾਬੀ ਵਿਭਾਗ, ਗੁਰੂਨਾਨਕਗਰਲਜ਼ ਕਾਲਜਸੰਤਪੁਰਾ, ਯਮੁਨਾਨਗਰ

ਇਸ ਖੋਜ ਦੇ ਵਿਸ਼ੇ ਦੀ ਗਹਿਰਾਈ ਤੱਕ ਪਹੁੰਚਣ ਅਤੇ ਇਸ ਦੀ ਗੰਭੀਰਤਾ ਨੂੰ ਸਮਝਣ ਲਈ ਸਾਡੇ ਲਈ "ਵਿਸ਼ਵੀਕਰਨ" ਅਤੇ "ਦਲਿਤ" ਸੰਕਲਪਾਂ ਦੇ ਅਰਥਾਂ ਨੂੰ ਸਮਝਣਾ ਲਾਜ਼ਮੀ ਹੋ ਜਾਂਦਾ ਹੈ। ਵਿਸ਼ੀਵਕਰਨ ਇੱਕ ਅਜਿਹੀ ਪ੍ਰਕਿਰਿਆ ਹੈ, ਜਿਸ ਰਾਹੀਂ ਸਮਾਜਵਿੱਚ ਸਮਾਜਿਕ ਜੀਵਨ, ਰਾਜਨੀਤੀ ਅਤੇ ਆਰਥਿਕਤਾ ਤੋਂ ਲੈ ਕੇ ਸੰਗੀਤ, ਕੱਪੜੇ, ਸਟਾਈਲ ਅਤੇ ਜਨਸੰਚਾਰ ਸਾਰੇ ਹੀ ਮਾਧਿਅਮ ਅੰਤਰਰਾਸ਼ਟਰੀ ਪ੍ਰਭਾਵਾਂ ਅਧੀਨ ਆ ਗਏ ਹਨ। ਵਿਸ਼ਵੀਕਰਨ ਦਾ ਸਭ ਤੋਂ ਵਧੇਰੇ ਅਸਰ ਆਰਥਿਕਤਾ ਦੇ ਖੇਤਰ ਵਿਚ ਪੈ ਰਿਹਾ ਹੈ, ਜਿਸ ਵਿੱਚ ਰਾਸ਼ਟਰੀ ਹਦਬੰਦੀਆਂ ਦੇ ਅੰਦਰਵਾਰ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਸਮੁੱਚੀ ਦੁਨੀਆਂ ਦੇ ਪੱਧਰ ਉੱਤੇ ਵਿਚਰਨਾ ਪੈ ਰਿਹਾ ਹੈ, ਜਿਸ ਵਿੱਚ ਮਜ਼ਦੂਰੀ, ਕੱਚਾ ਮਾਲ ਅਤੇ ਮੰਡੀਆਂ ਸਾਰੀ ਦੁਨੀਆਂ ਦੀਆਂ ਆਪਸ ਵਿੱਚ ਸਾਂਝੀ ਹੋ ਗਈਆਂ ਹਨ। ਵਿਸ਼ਵੀਕਰਨ ਦੇ ਵਰਤਾਰੇ ਨੇਸਮੁੱਚੇ ਵਿਸ਼ਵ ਨੂੰ ਇੱਕ ਵਿਸ਼ਵਿਕ ਪਿੰਡ ਵਿੱਚ ਦਾ ਰੂਪ ਦੇ ਦਿੱਤਾ ਹੈ।1 ਇਸ ਲਈ ਹੋਰ ਸ਼ਬਦ ਜਿਵੇਂ ਅੰਗਰੇਜ਼ੀ ਵਿੱਚ "Globalization", ਹਿੰਦੀ ਵਿੱਚ "वैश्वीकरण"ਅਤੇ ਪੰਜਾਬੀ ਵਿੱਚ "ਸੰਸਾਰੀਕਰਨ", "ਗਲੋਬਲੀਕਰਨ" ਜਾਂ "ਸਰਬ – ਵਿਆਪਕਤਾ"ਸ਼ਬਦ ਵਰਤੇ ਜਾਂਦੇ ਹਨ।

ਹੁਣ ਦਲਿਤ ਸ਼ਬਦ ਦੇ ਅਰਥਾਂ ਬਾਰੇ ਵੀ ਵਿਚਾਰ ਕਰਨਾ ਸਹੀ ਹੋਵੇਗਾ ਤਾਂ ਜੋ ਵਿਸ਼ੇ ਵਿੱਚ ਸਪਸ਼ਟਤਾ ਆ ਸਕੇ।

ਦਲਿਤ ਅੰਗਰੇਜ਼ੀ ਸ਼ਬਦਡਿਪ੍ਰੈਸਡ ਕ੍ਲਾਸ ਦਾ ਹਿੰਦੀ ਅਨੁਵਾਦ ਹੈ। ਮੌਜੂਦਾ ਸਮੇਂ ਵਿੱਚ ਭਾਰਤ ਵਿੱਚ 'ਦਲਿਤ' ਸ਼ਬਦ ਕਈ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਹਾਲਾਂਕਿ ਇਸਦੀ ਕੋਈ ਸਰਵ-ਪ੍ਰਵਾਨਿਤਪਰਿਭਾਸ਼ਾ ਨਹੀਂ ਹੋ ਸਕਦੀ, ਪਰ ਮੋਟੇ ਤੌਰ 'ਤੇ ਉਹ ਵਰਗ ਜੋ ਵਰਤਮਾਨ ਵਿੱਚ ਅਨੁਸੂਚਿਤ



Scanned with OKEN Scanner

ਜਾਤੀਆਂ ਦੇ ਅਧੀਨ ਆਉਂਦੇ ਹਨ, ਲਈ"ਦਲਿਤ" ਸ਼ਬਦਵਰਤਿਆ ਜਾਂਦਾ ਹੈ। ਦਲਿਤ ਸ਼ਬਦ ਦਾ ਅਰਥ ਹੈ ਪੀੜਤ, ਸ਼ੋਸ਼ਿਤ, 'ਜ਼ੁਲਮ' ਅਤੇ 'ਜਿਨ੍ਹਾਂ ਦੇ ਹੱਕ ਖੋਹ ਲਏ'ਗਏ ਹਨ'। ਇਸ ਪੱਖੋਂ ਹਿੰਦੂ, ਮੁਸਲਿਮ, ਈਸਾਈ ਆਦਿ ਸਾਰੇ ਧਰਮਾਂ ਵਿੱਚ ਦਲਿਤ ਵਰਗ ਮੌਜੂਦ ਹੈ।

ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਮਹਾਨ ਕੋਸ਼' ਅਨੁਸਾਰ "ਦਲਿਤ ਦਲਿਆ ਹੋਇਆ, ਕੁਚਲਿਆ ਹੋਇਆ। ਹੀਣੀ ਜਾਤਿ ਵਾਲਾ, ਜੋ ਉੱਚੀ ਜਾਤਾਂ ਤੋਂ ਪੈਰਾਂ ਹੇਠ ਦਲਿਆ ਗਿਆ ਹੈ,ਜਿਸਨੂੰ ਅਛੂਤ ਸਮਝਿਆ ਜਾਂਦਾ ਹੈ।2

ਇਸੇ ਤਰ੍ਹਾਂ ਭਾਸ਼ਾਵਿਭਾਗ,ਪੰਜਾਬ ਦੇ 'ਪੰਜਾਬੀ ਕੋਸ਼' ਵਿੱਚ ਦਲਿਤ ਸ਼ਬਦ ਦੇ ਅਰਥ "ਦਲਿਤ ਕੁਚਲਿਆ ਹੋਇਆ, ਪਛੜਿਆ ਹੋਇਆ, ਦਬਿਆ ਹੋਇਆ ਕੀਤੇ ਮਿਲਦੇ ਹਨ।3

ਭਾਵ ਦਲਿਤ ਵਰਗ, ਸਮਾਜ ਦੀ ਉਹ ਸ਼੍ਰੇਣੀ ਹੈ ਜੋ ਸਭ ਤੋਂ ਪਛੜੀ ਮੰਨੀ ਗਈ ਹੈ ਅਤੇ ਜਿਸਨੂੰ ਉੱਚੇਲੋਕ ਉੱਪਰ ਨਾ ਉਠਣ ਦਿੰਦੇ ਹੋਣ। ਦਲਿਤ ਸ਼ਬਦ ਬਹੁ-ਗਿਣਤੀ ਦਲਿਤਾਂ ਨੂੰ ਵੀ ਆਪਣੇ ਆਪ ਵਿੱਚ ਪ੍ਰਵਾਨ ਹੈ, ਕਿਉਂਕਿ ਇਸ ਨੂੰ ਦਲਿਤ ਹੁਣ ਅਪਮਾਨਜਨਕ ਨਹੀਂ ਸਮਝਦੇ ਸਗੋਂ, ਸਥਿਤੀ ਬੋਧਕਸ਼ਬਦ ਦੇ ਰੂਪ ਵਿੱਚ ਸਵੀਕਾਰਦੇ ਹਨ ।4 ਜਿਨ੍ਹਾਂ ਨੂੰ ਅੱਜ ਦਲਿਤ ਕਿਹਾ ਜਾਂਦਾ ਹੈ ਉਨ੍ਹਾਂ ਲਈ ਪਹਿਲਾਂ ਸ਼ੂਦਰਸ਼ਬਦ ਵੀ ਪ੍ਰਚਲਿਤ ਰਿਹਾ ਹੈ । ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿੱਚ ਸੂਦ ਸ਼ਬਦ ਵੀ ਵਰਤਿਆ ਹੈ :-

ਸੂਦੁਸੂਦੁਕਰਿਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥

ਮੂਏਹੂਏ ਜਉ ਮੁਕਤਿਦੇਹੁਗੇਮੁਕਤਿ ਨ ਜਾਨੈ ਕੋਇਲਾ ॥

ਏ ਪੰਡੀਆਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀਹੋਇਲਾ ॥੨॥5

ਅੱਜ ਜਿਹੜੇ ਲੋਕ ਦਲਿਤ ਮੰਨੇ ਜਾਂਦੇ ਹਨ, ਉਨ੍ਹਾਂ ਵਿੱਚੋਂ ਕਈ ਪਹਿਲਾਂ 'ਅਛੂਤ'(ਜਿਨ੍ਹਾਂ ਨੂੰ ਛੂਹਿਆ ਨਹੀ ਜਾਂਦਾ)ਮੰਨੇ ਜਾਂਦੇ ਸਨ। ਉਨ੍ਹਾਂ ਦਾ ਕਈ ਤਰੀਕਿਆਂ ਨਾਲ ਸ਼ੋਸ਼ਣ ਵੀ ਕੀਤਾ ਗਿਆ ਅਜਿਹੀਆਂ ਘਟਨਾਵਾਂ ,ਪਰਿਸਥਿਤੀਆਂ ਦਾ ਜਿਕਰ ਤਾਂ ਸਾਨੂੰ ਮੱਧਕਾਲ ਵਿੱਚ ਹੋਏ ਭਗਤ ਨਾਮਦੇਵ ਜੀ,ਭਗਤ ਕਬੀਰ ਜੀ, ਅਤੇ ਭਗਤ ਰਵਿਦਾਸ ਜੀ ਦੀਆਂ ਰਚਨਾਵਾਂ ਤੋਂ ਸਹਿਜੇ ਪ੍ਰਾਪਤਹੋ ਜਾਂਦਾ ਹੈ।



Scanned with OKEN Scanner

ਸੋ ਵਿਸ਼ਵੀਕਰਨ ਦੇ ਇਸ ਨਿਰੰਤਰ ਹੋ ਰਹੇ ਬਦਲਾਓ ਵਿੱਚ ਹਰੇਕ ਖੇਤਰ ਵਿੱਚ ਨਵੀਆਂ ਤਬਦਿਲੀਆਂ ਵਾਪਰ ਰਹੀਆਂ ਹਨ। ਵਿਸ਼ਵੀਕਰਨ ਨੇ ਨਾ ਸਿਰਫ ਬਾਹਰੀ ਦਿੱਖ ਵੇਸ਼ਭੂਸ਼ਾ,ਤਕਨਾਲੋਜੀ ਦੇ ਖੇਤਰ, ਮਸ਼ੀਨੀ ਸਾਧਨਾਂ ਆਦਿ ਵਿੱਚ ਹੀ ਕ੍ਰਾਂਤੀ ਲਿਆਂਦੀ ਹੈ ਸਗੋਂ ਇਸ ਨੇ ਮਨੁੱਖ ਨੂੰ ਮਾਨਸਿਕ ਪੱਧਰ ਤੇ ਵੀਪ੍ਰਭਾਵਿਤਕੀਤਾ ਹੈ। ਸਾਡੇ ਖੋਜ ਪੱਤਰ ਦਾ ਮਨੋਰਥ ਹੈ ਕਿ ਇਸ ਸਾਰੇ ਤਕਨੀਕੀ ਕ੍ਰਾਂਤੀ ਦੇ ਕਲਚਰ ਵਿੱਚ ਦਲਿਤ ਮੁਕਤੀ ਦੀ ਕੋਈ ਗੁੰਜਾਇਸ਼ ਹੈ? ਕੀ ਦਲਿਤਾਂ ਨੂੰ ਨਵੇਂ ਮੌਕੇ ਮਿਲਣਗੇ? ਕੀ ਪਹਿਲਾਂ ਦੇ ਮੁਕਾਬਲੇ ਦਲਿਤਾਂ ਦੀ ਹਾਲਤ ਵਿੱਚ ਕੋਈ ਸੁਧਾਰ ਹੋਵੇਗਾ? ਜਾਂ ਫਿਰ ਉਨ੍ਹਾਂ ਦੀ ਹਾਲਤ ਇਸ ਤੋਂ ਵੀ ਜਿਆਦਾਂ ਵਿਗੜ ਸਕਦੀ ਹੈ ਜਾਂ ਵਿਗੜ ਰਹੀ ਹੈ?

ਇਹ ਕੁਝ ਅਜਿਹੇ ਸਵਾਲ ਹਨ ਜਿਹੜੇ ਦਲਿਤ ਵਰਗ ਅਤੇ ਵਿਸ਼ਵੀਕਰਨ ਦੇ ਵਰਤਾਰੇ ਨੂੰ ਜੋੜ ਕੇ ਜਹਿਨ ਵਿੱਚ ਪੈਦਾ ਹੁੰਦੇ ਹਨ। ਦਲਿਤ ਸਵਾਲ ਨੂੰ ਵਿਸ਼ਵੀ ਕਰਨ ਨਾਲ ਜੋੜਨ ਦੀ ਸ਼ੁਰੂਆਤੀਕੋਸ਼ਿਸ਼'ਗੇਲ ਓਮਵੇਟ' ਤੋਂ ਮੰਨੀ ਜਾਂਦੀ ਹੈ। ਗੇਲਓਮਵੇਟਵਿਸ਼ਵੀਕਰਨ ਨੂੰ ਦਲਿਤਾਂ ਦੇ ਲਈ ਜ਼ਰੂਰੀ ਮੰਨਦੀ ਹੈ। ਉਨ੍ਹਾਂ ਅਨੁਸਾਰ ਮੰਡੀਕਰਨ ਦੀ ਪ੍ਰਕਿਰਿਆ ਵਿੱਚ ਦਲਿਤਾਂ ਨੂੰ ਨਵੇਂ ਮੌਕੇ ਮਿਲਣਗੇ। ਗੇਲ ਬਜ਼ਾਰ ਅਤੇ ਵਿਦੇਸ਼ੀ ਪੂੰਜੀ ਨੂੰ ਦਲਿਤਾਂ ਲਈ ਜ਼ਰੂਰੀ ਸੰਭਾਵਨਾ ਵਜੋਂ ਦੇਖਦੀ ਹੋਈ ਦਲਿਤਾਂ ਲਈ ਉੱਪਰ ਉੱਠਣ ਦੀ ਇੱਕ ਰਾਹ ਅਖ਼ਤਿਆਰ ਕਰਨ ਦੇ ਮਨੋਰਥ ਤੋਂ ਕਹਿੰਦੀ ਹੈ ਕਿ ਇਨ੍ਹਾਂ ਹਾਸ਼ੀਏ'ਤੇ ਬੈਠੇ ਲੋਕਾਂ ਨੂੰ ਸਰਕਾਰੀ ਸਿਸਟਮ 'ਤੇ ਨਿਰਭਰ ਨਾ ਰਹਿ ਕੇ ਖੁੱਲ੍ਹੇ ਮੁਕਾਬਲੇ ਵਾਲੇ ਮਾਹੌਲ ਤੋਂ ਲਾਭ ਉਠਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਉਸ ਦਾ ਕਹਿਣਾ ਹੈ ਕਿ ਪੂਰੇ ਸਰਕਾਰੀ ਸਿਸਟਮ 'ਤੇ ਯਾਨੀ ਲਾਇਸੈਂਸ-ਕੋਟਾ-ਪਰਮਿਟ ਰਾਜ ਉੱਪਰ ਬ੍ਰਾਹਮਣਵਾਦ ਦਾ ਕਬਜ਼ਾ ਰਿਹਾ ਹੈ। ਇਸ ਲਈ ਵਿਸ਼ਵੀਕਰਨਕਰਕੇਦਲਿੱਤ ਤਬਕੇ ਨੂੰ ਨਵੇਂ ਮੌਕੇ ਮਿਲਣਗੇ। ਗੇਲ ਨੂੰ ਉਨ੍ਹਾਂ ਲੋਕਾਂ ਤੋਂ ਸਮੱਸਿਆ ਹੈ ਜਿਹੜੇ ਵਿਸ਼ਵੀਕਰਨ ਦਾ ਵਿਰੋਧ ਕਰਦੇ ਹਨ, ਪਰ ਅਜਿਹਾ ਕਰਦੇ ਸਮੇਂ ਉਨ੍ਹਾਂ ਕੋਲ ਕੋਈ ਠੋਸ ਸਬੂਤ ਨਹੀਂ ਹੈ।ਉਸਦੇ ਅਨੁਸਾਰ, ਜ਼ਿਆਦਾਤਰ ਲੋਕ ਵਿਸ਼ਵੀਕਰਨ ਦੇ ਵਿਰੁੱਧ ਗੈਰ-ਪ੍ਰਮਾਣਿਕ ਗੱਲਾਂ ਕਹਿੰਦੇ ਹਨ, ਜੋ ਆਮ ਤੌਰ 'ਤੇ ਵਿਰੋਧੀ ਹੁੰਦੀਆਂ ਹਨ। ਉਹ ਇਸ ਲਈ ਇੱਕ ਉਦਾਹਰਣ ਵੀ ਦਿੰਦੀ ਹੈ – "ਜਦੋਂ ਸੁਣਿਆ ਜਾਂਦਾ ਹੈ ਕਿ ਬਜ਼ਾਰ ਦਾ ਪ੍ਰਭਾਵ ਹਰ ਪਾਸੇ ਬਣ ਗਿਆ ਹੈ ਅਤੇ ਇਸ ਤੋਂ ਵਾਂਝੇ ਆਮ ਆਦਮੀ ਦੀ ਗਿਣਤੀ ਵਧ ਰਹੀ ਹੈ, ਜਿਸ ਕ਼ਾਰਨ ਗਰੀਬੀ ਵਧ ਰਹੀ ਹੈ। ਪਰ ਇਸ ਤਰ੍ਹਾਂ ਦੇ ਦੂਹਰੇ ਬਿਆਨ ਵਿਰੋਧੀ ਹਨ। ਬਜ਼ਾਰ ਵਿੱਚ ਵਾਧੇ ਦਾ ਮਤਲਬ ਹੈ ਕਿ ਲੋਕਾਂ ਦੀ ਖਰੀਦ ਸ਼ਕਤੀ ਕੁਝ ਤਰੀਕਿਆਂ ਨਾਲ ਵਧੀ ਹੈ। ਲੋਕਾਂ ਨੂੰ ਰੁਜ਼ਗਾਰ ਦੇ ਢੁੱਕਵੇਂ ਮੌਕੇ ਮਿਲਦੇ ਹਨ, ਜਿਸ ਕਾਰਨ ਬਾਜ਼ਾਰ ਵਿੱਚ ਆਉਣ ਵਾਲੇ ਸਾਮਾਨ ਨੂੰ



Scanned with OKEN Scanner
Scanned with OKEN Scanner

ਖਰੀਦਣ ਵਿੱਚ ਉਹ ਕਾਬਿਲ ਹੁੰਦੇ ਹਨ। ਜੇਕਰ ਗਰੀਬੀ ਅਤੇ ਰੋਜ਼ਗਾਰ ਵਿੱਚ ਵਾਧਾ ਹੁੰਦਾ ਤਾਂ ਬਜ਼ਾਰ ਨੂੰ ਸੀਮਤ ਹੋਣਾ ਸੀ।

ਚੰਦਰਭਾਨ ਪ੍ਰਸਾਦ ਇੱਕ ਦਲਿਤ ਪੱਤਰਕਾਰ ਵੀ ਹਨ ਅਤੇ ਵਿਸ਼ਵੀਕਰਨ ਦੇ ਪਰਮੁੱਖ ਪੈਰੋਕਾਰ ਜਾਂ ਸਮਰਥਕ ਦੇ ਤੌਰ ਤੇ ਵੀ ਅਸੀਂ ਇਨ੍ਹਾਂ ਨੂੰ ਦੇਖ ਸਕਦੇ ਹਾਂ। ਉਹ ਅਮਰੀਕਾ ਦੀ ਵਿਵਿਧਤਾ (ਡਾਇਵਰਸਿਟੀ) ਨੀਤੀ ਨੂੰ ਭਾਰਤ ਵਿੱਚ ਲਾਗੂ ਕਰਨ ਦੇ ਹਿੱਤ ਵਿੱਚ ਸੀ। ਅਮਰੀਕਾ ਦੀ ਵਿਵਿਧਤਾ ਨੀਤੀ ਦਾ ਸਮਰਥਨ ਕਰਦੇ ਹੋਏ ਉਨ੍ਹਾਂ ਕਿਹਾ ਸੀ ਉੱਥੋਂਦੀ ਸੰਘੀ ਸਰਕਾਰ ਨੇ ਜਦੋਂ ਇਸ ਨੀਤੀ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਦੇਸ਼ ਭਰ ਵਿੱਚ ਇਸਦੇ ਖ਼ਿਲਾਫ਼ ਦਰਜਨਾਂ ਕੇਸ ਦਰਜ ਹੋਏ। ਅੱਜ ਸਥਿਤੀ ਅਜਿਹੀ ਹੈ ਕਿ ਅਮਰੀਕਾ ਦੇ ਉਦਯੋਗਿਕ ਘਰਾਣੇ ਵੀ ਵਿਵਿਧਤਾ ਦੇ ਹੱਕ ਵਿੱਚ ਖੜ੍ਹੇ ਹੋਏ ਹਨ। ਇੱਥੇਵਰਨਣਯੋਗ ਹੈ ਕਿ ਵਿਵਿਧਤਾ ਦੀ ਨੀਤੀ ਦਾ ਅਰਥ ਹੈ ਘੱਟ ਗਿਣਤੀਆਂ, ਜਿਵੇਂ ਕਿ ਕਾਲੇ ਲੋਕ , ਰੈੱਡਇੰਡੀਅਨ, ਹਿਸਪੈਨਿਕ ਜਾਂਦੇਸ਼ ਦੀ ਆਬਾਦੀ ਵਿੱਚ ਏਸ਼ੀਆਈ ਮੂਲ ਦੇ ਲੋਕਾਂ ਦਾਅਨੁਪਾਤ ।ਏਹੀ ਅਨੁਪਾਤ ਨੌਕਰੀ, ਉਦਯੋਗ, ਮਾਰਕੀਟ, ਸਿੱਖਿਆ ਅਤੇ ਮੀਡੀਆ ਵਰਗੇ ਹਰ ਖੇਤਰ ਵਿੱਚ ਬਰਾਬਰ ਹੋਣਾ ਚਾਹੀਦਾ ਹੈ । ਚੰਦਰਭਾਨ ਜੀ ਦਾ ਕਹਿਣਾ ਹੈ ਕਿ ਭੋਪਾਲ ਵਿੱਚ ਸਾਲ 2002 ਵਿੱਚ ਦਲਿਤ ਬੁੱਧੀਜੀਵੀਆਂ ਦੇ ਇੱਕ ਵਰਗ ਨੇ ਇਹ ਪ੍ਰਸਤਾਵ ਪੇਸ਼ ਕੀਤਾ ਕਿ ਅਮਰੀਕਾ ਦੀ ਡਾਇਵਰਸਿਟੀ ਨੀਤੀ ਨੂੰ ਭਾਰਤ ਵਿੱਚ ਵੀ ਲਿਆਂਦਾ ਜਾਵੇ ਪਰ ਇਸ ਪ੍ਰਸਤਾਵ 'ਤੇ ਅੱਜ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ। ਭਾਰਤ ਵਿੱਚ ਵੀ ਜੇਕਰ ਵਿਭਿੰਨਤਾ ਨੀਤੀ ਲਾਗੂ ਕੀਤੀ ਜਾਂਦੀ ਹੈ ਤਾਂ ਇੱਕ ਨਵਾਂ ਖਪਤਕਾਰ ਇੱਕ ਅਜਿਹੀ ਜਮਾਤ ਦਾ ਉਭਾਰ ਹੋਵੇਗਾ ਜਿਹੜਾ ਮੰਡੀ ਦੇ ਚਿਹਰੇ ਨੂੰ ਬਦਲ ਦੇਵੇਗਾ। ਭਾਰਤੀ ਆਰਥਿਕਤਾ ਅਤੇ ਦਲਿਤਾਂ ਦੋਵਾਂ ਨੂੰ ਇਸ ਦਾ ਲਾਭ ਹੋਣਾ ਯਕੀਨੀ ਹੈ । ਉਹ ਇਹ ਵੀ ਕਹਿੰਦੇ ਹਨ ਕਿ ਅਮਰੀਕਾ ਨੇ ਆਰਥਿਕ ਸੁਧਾਰਾਂ ਤੋਂ ਪਹਿਲਾਂ ਸਮਾਜਿਕ ਸੁਧਾਰਾਂ ਉੱਤੇ ਜ਼ੋਰ ਦਿੱਤਾ ਸੀ। ਪਰ ਭਾਰਤ ਵਿੱਚ ਸਮਾਜਿਕ ਸੁਧਾਰਾਂ ਉੱਤੇ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਆਰਥਿਕ ਸੁਧਾਰ ਸ਼ੁਰੂ ਕਰ ਦਿੱਤੇ ਗਏ । ਚੰਦਰਭਾਨ ਪ੍ਰਸਾਦ ਨੇ ਦਲਿਤ ਲੀਡਰਸ਼ਿਪ ਦੀ ਆਲੋਚਨਾ ਕੀਤੀ । ਕਿਉਂਕਿ ਦਲਿਤ ਲੀਡਰਾਂ ਨੇ ਭਾਰਤ ਵਿੱਚ ਵਿਭਿੰਨਤਾ ਵਰਗੇ ਸਿਧਾਂਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਰਕਾਰ 'ਤੇ ਕੋਈ ਵੀ ਦਬਾਅ ਨਹੀਂ ਪਾਇਆ।

ਵਿਸ਼ਵੀਕਰਨ ਦਾ ਇੱਕ ਹੋਰ ਸਮਰਥਕ ਨਰਿੰਦਰ ਜਾਧਵ, ਉਨ੍ਹਾਂ ਦਾ ਮੰਨਣਾ ਹੈ ਕਿ ਵਿਸ਼ਵੀਕਰਨਦਲਿਤਾਂ ਨੂੰ ਅੰਗਰੇਜ਼ੀ ਸਿੱਖਿਆ ਵੱਲ ਲੈ ਜਾਵੇਗਾ। ਪੱਛਮੀ ਸੱਭਿਆਚਾਰ ਨੂੰ ਅਪਣਾਉਣ

ਨਾਲ ਦਲਿਤਾਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਹੋਵੇਗੀ। ਇਸ ਤਰ੍ਹਾਂ, ਜਾਧਵਵਿਸ਼ਵਿਰਨ ਦੇ ਵਿਕਲਪ ਨੂੰ ਦਲਿਤਾਂ ਦੇ ਬਦੱਲ ਵਜੋਂ ਦੇਖਦਾ ਹੈ ਜਿਸ ਨਾਲ ਉਨ੍ਹਾਂ ਦਾ ਪੱਛਮੀਕਰਨ ਹੋ ਸਕਦਾ ਹੈ ਅਤੇ ਉਨ੍ਹਾਂ ਦੀ ਸਥਿਤੀ ਵਿੱਚ ਆਮੁੱਲਚੂਲ ਪਰਿਵਰਤਨ ਆ ਸਕਦਾ ਹੈ। ਵਿਸ਼ਵੀਕਰਨਦੇ ਸਮਰਥਕ ਚਿੰਤਕਾਂ ਤੋਂ ਇਲਾਵਾ ਕੁਝ ਕੁਝ ਚਿੰਤਕ ਹਨ ਜੋ ਵਿਸ਼ਵੀਕਰਨ ਦਾ ਵਿਰੋਧ ਵੀਕਰਦੇ ਹਨ।

ਗੋਪਾਲ ਗੁਰੂ ਇੱਕ ਅਜਿਹਾ ਆਲੋਚਕ ਹੈ ਜੋ ਵਿਸ਼ਵੀਕਰਨ ਦੀ ਆਲੋਚਨਾ ਕਰਦਾ ਹੋਇਆ ਵਿਸ਼ਵੀਕਰਨ ਨੂੰ ਬ੍ਰਾਹਮਣਵਾਦ ਦਾ ਸਭ ਤੋਂ ਉੱਚਾ ਪੜਾਅ ਮੰਨਦਾ ਹੈ।ਗੋਪਾਲ ਜੀ ਨੂੰ ਉਨ੍ਹਾਂ ਤੋਂ ਸਖ਼ਤ ਸ਼ਿਕਾਇਤ ਹੈ ਜਿਹੜੇ ਪੂੰਜੀ ਦੇ ਵਿਰੁੱਧ ਅੰਦੋਲਨ ਕਰਨ ਦੀ ਬਜਾਏ ਸਰਮਾਏਦਾਰ ਬਣਨ ਦੀ ਲਹਿਰ ਚਲਾ ਰਹੇ ਹਨ। ਇਸ ਲਈ ਉਹ ਸਿਰਫ ਫੌਰੀ ਲਾਭ ਲਈ ਗਠਜੋੜ ਦੀ ਰਾਜਨੀਤੀ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਬਜ਼ਾਰ ਤੋਂ ਕੁਝ ਦਲਿਤਾਂ ਨੂੰ ਫਾਇਦਾ ਹੋ ਸਕਦਾ ਹੈ ਪਰ ਸਾਰਿਆਂ ਨੂੰ ਨਹੀਂ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਵਿਸ਼ਵੀਕਰਨ ਦਾ ਸਮਰਥਨ ਮਹਾਤਮਾ ਫੂਲੇ ਜੀ ਅਤੇ ਡਾ.ਅੰਬੇਡਕਰ ਦੀ ਵਿਚਾਰਧਾਰਾ ਤੋਂ ਦੂਰ ਹੋਏ ਬਿਨਾਂ ਨਹੀਂ ਹੋ ਸਕਦਾ। ਵਿਸ਼ਵੀਕਰਨ ਦੇ ਆਲੋਚਕਾਂ ਦੀ ਸ਼੍ਰੇਣੀ ਵਿੱਚ ਇੱਕ ਨਾਂਮਡੀ.ਆਰ. ਨਾਗਰਾਜ ਦਾ ਵੀਆਉਂਦਾ ਹੈ। ਨਾਗਰਾਜਵਿਸ਼ਵੀਕਰਨ ਦੀ ਆਲੋਚਣਾ ਆਰਥਿਕਤਾਦੀ ਬਜਾਏ,ਸੱਭਿਅਤਾਦੇ ਦਾਇਰੇ ਵਿੱਚ ਕਰਦਾ ਹੈ। ਉਹ ਸੱਭਿਆਚਾਰ ਅਤੇ ਸਾਹਿਤ ਦੇ ਸਰੋਤਾਂ ਦੀ ਮਦਦ ਨਾਲ, ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸ ਤਰ੍ਹਾਂ ਵਿਸ਼ਵੀਕਰਨ ਦੇ ਕਾਰਨ ਸਾਡਾ ਸਾਂਝਾ ਸੱਭਿਆਚਾਰ ਸੰਕਟ ਵਿੱਚ ਪੈ ਸਕਦਾ ਹੈ। ਸਾਂਝੇ ਸਾਧਨਾਂ ਦੇ ਖਤਮ ਹੋਣ ਦਾ ਸੱਭ ਤੋਂ ਬੁਰਾ ਪ੍ਰਭਾਵ ਇਹ ਹੋਵੇਗਾ ਕਿ ਦਲਿਤ ਵਰਗ ਲਈ ਰੋਜ਼ਗਾਰ ਦੀ ਸਮੱਸਿਆ ਵਧੇਗੀ।ਨਾਗਰਾਜ ਨੇ ਸਵਾਲ ਕੀਤਾ ਕਿ, ਕੀ ਅੰਗਰੇਜ਼ੀ ਦੀ ਸਿੱਖਿਆ ਅਤੇ ਮਾਹੌਲ ਦਲਿਤਾਂ ਦੀ ਤਰੱਕੀ ਦਾ ਕਾਰਨ ਬਣਸਕਦਾ ਹੈ ਜਾਂ ਨਹੀਂ? ਤੇ ਉਹ ਦਲਿਤਾਂ ਨੂੰ ਵਿਸ਼ਵੀਕਰਨ ਦਾ ਵਿਰੋਧ ਕਰਨ ਦੀ ਸਲਾਹ ਦਿੰਦਾ ਹੈ। ਐੱਸ. ਕੇ. ਥੋਰਾਟ,ਕੇ. ਐੱਸ. ਚਲਸ ਅਤੇ ਐੱਸ. ਨਾਨਛਰੀਆ ਨੇ ਆਪਣੀਆਂ ਖੋਜਾਂ ਦੇ ਅਧਾਰ ਤੇ ਸਿੱਧ ਕੀਤਾ ਹੈ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਦਲਿਤਾਂ ਦੀ ਸਥਿਤੀ ਹੋਰ ਖਰਾਬ ਹੋਣ ਵਾਲੀ ਹੈ। ਦਲਿਤਾਂ ਉੱਪਰ ਪੈਣ ਵਾਲੇ ਵਿਸ਼ਵੀਕਰਨ ਦੇ ਪ੍ਰਭਾਵ ਬਾਰੇ ਰਜਨੀ ਕੋਠਾਰੀ ਲਿਖਦੇ ਹਨ –"ਵਿਸ਼ਵੀਕਰਨ ਨਾ ਸਿਰਫ਼ ਵਰਨ ਵਿਵਸਥਾ ਦੇ ਖੇਤਰ ਵਿੱਚ ਦਲਿਤ ਜਾਤੀਆਂ ਦੇ ਵਿਰੁੱਧ ਬ੍ਰਾਹਮਣਵਾਦੀ ਤਾਕਤਾਂ ਦਾ ਸਮਰਥਨ ਕਰਦਾ ਹੈ, ਸਗੋਂ ਉਨ੍ਹਾਂਨੂੰ ਦ੍ਰਿੜਤਾ, ਬੇਗਾਨਗੀ ਅਤੇ ਬੇਇਨਸਾਫ਼ੀ ਦੇ ਮਾਮਲੇ ਵਿੱਚ ਇੱਕ ਕੋਨੇ ਵਿੱਚ ਧੱਕਦਾ ਹੈ। ਵਿਸ਼ਵ ਅਤੇ ਵਿਸ਼ਵ ਪ੍ਰਣਾਲੀ ਜਿੰਨੀ ਜ਼ਿਆਦਾਂਸੰਗਠਿਤਹੁੰਦੀ ਜਾਵੇਗੀ, ਦਲਿਤਭਾਈਚਾਰਿਆਂ ਵਿੱਚ ਦੋਖਾ– ਧੜੀ,



Scanned with OKEN Scanner

ਛੱਲ – ਕਪਟ ਵੱਧਦਾ ਰਹੇਗਾ।"8 ਅੰਤਰਰਾਸ਼ਟਰੀ ਢਾਂਚੇ ਦੇ ਹਾਵੀ ਹੋਣ ਕਾਰਨ ਰਾਸ਼ਟਰ ਅਤੇ ਰਾਜ ਦੀ ਮਹੱਤਤਾ ਲਗਾਤਾਰ ਘੱਟਦੀਜਾ ਰਹੀ ਹੈ। ਸਮਾਜ ਵਿੱਚ ਉਨ੍ਹਾਂ ਲੋਕਾਂ ਦਾ ਦਬਦਬਾ ਰਹੇਗਾ ਜੋ ਪੇਸ਼ੇਵਰ ਅਤੇ ਤਕਨੀਕੀ ਤੌਰ 'ਤੇ ਨਿਪੁੰਨ ਹਨ। ਅਜਿਹੀ ਸਥਿਤੀ ਵਿੱਚ ਦਲਿਤਾਂ ਨੂੰ ਲੋਕਤੰਤਰੀ ਰਾਜ ਦੀ ਮਹੱਤਤਾ ਘ

ਟਣ ਕਾਰਨ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।

ਦੂਜੀ ਤਰਫ਼ ਅਸੀਂ ਦੇਖਦੇ ਹਾਂ ਕਿ ਸੱਭਿਆਚਾਰ ਵਿੱਚ ਆਏ ਬਦਲਾਵ ਨੇ ਪੁਰਾਣੀਆਂ ਪਰੰਪਰਾਵਾਂ ਨੂੰ ਵੀ ਬੇਅਸਰ ਕੀਤਾ ਹੈ।

ਚੰਦਰਭਾਨ ਪ੍ਰਸਾਦ ਪੂੰਜੀਵਾਦ ਬਾਰੇ ਲਿਖਦੇ ਹਨ –"ਪੂੰਜੀਵਾਦ ਇੱਕੋ ਸਮੇਂ ਦੋ ਕੰਮ ਕਰਦਾ ਹੈ। ਇੱਕ, ਇਹ ਜਗੀਰਦਾਰੀ ਨੂੰ ਤੋੜਦਾ ਹੈ ਅਤੇ ਉਦਯੋਗਿਕ ਸ਼ਹਿਰੀਸੱਭਿਅਤਾਦੀ ਸਿਰਜਣਾ ਕਰਦਾ ਹੈ। ਦੂਜਾ, ਇਹ ਪਰੰਪਰਾਵਾਂ, ਪੁਰਾਣੀਆਂ ਮੁੱਲ ਪ੍ਰਣਾਲੀਆਂ ਅਤੇ ਸਮਾਜਿਕ ਬੁਰਾਈਆਂ ਨੂੰ ਸੁਚੇਤ ਤੌਰ 'ਤੇ ਖ਼ਤਮ ਕਰਦਾ ਹੈ। ਇਸੇ ਕਾਰਨ ਮਾਰਕਸਵਾਦੀ ਵਿਚਾਰਧਾਰਾ ਵਿੱਚ ਵੀ ਪੂੰਜੀਵਾਦ ਨੂੰ ਜਗੀਰਦਾਰੀਪ੍ਰਥਾਖਿਲਾਫ ਇਨਕਲਾਬ ਦਾ ਸਿਰਜਕ ਮੰਨਿਆ ਜਾਂਦਾ ਹੈ।"

ਸੱਭਿਆਚਾਰ ਵਿੱਚ ਤਬਦੀਲੀ ਨੇ ਪਰੰਪਰਾਵਾਂ ਨੂੰ ਬੇਅਸਰ ਕਰ ਦਿੱਤਾ ਹੈ।ਨਤੀਜੇ ਵਜੋਂ ਅਣਗੌਲੇ ਲੋਕ ਆਪਣੇ ਹੱਕ ਮੰਗਣ ਲੱਗ ਪਏ ਹਨ। ਡਾ.ਅੰਬੇਡਕਰ ਅਨੁਸਾਰ ਪਿੰਡ ਮਨੁੱਖ ਨੂੰ ਗੁਲਾਮ ਬਣਾ ਕੇ ਰੱਖਦਾ ਹੈ।ਇਸ ਦੇ ਉਲਟ ਸ਼ਹਿਰ ਵਿੱਚ ਸੁਤੰਤਰਤਾ ਦੀ ਗੁੰਜਾਇਸ਼ ਹੁੰਦੀ ਹੈ। ਕਿਉਂਕਿ ਉਨ੍ਹਾਂ ਦਾ ਅਨੁਭਵ ਜਾਤੀ ਵਿਤਕਰੇ ਦੇ ਮਾਮਲੇ ਵਿੱਚ ਤਲਖ਼ੀ ਭਰਿਆ ਹੈ। ਇਸਦੇ ਉੱਲਟ ਵਿੱਦਿਆ ਹਾਸਲ ਕਰਨ ਦੌਰਾਨ ਸੁਖਾਵੇਂ ਅਨੁਭਵਾਂ ਨੇ ਉਨ੍ਹਾਂ ਨੂੰ ਇਸ ਸਥਿਤੀ ਨੂੰ ਬਦਲਣ ਦੀ ਪ੍ਰੇਰਨਾ ਦਿੱਤੀ।

ਗੋਪਾਲ ਗੁਰੂ ਕਹਿੰਦਾ ਹੈ ਕਿ ਪੂੰਜੀਵਾਦੀ ਅਰਥਚਾਰੇ ਵਿੱਚ ਦਲਿਤਾਂ ਨੂੰ ਬੇਰੋਜ਼ਗਾਰੀ ਦੀਆਂ ਹੋਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਦਲਿਤ ਵਰਗ ਦੀ ਸਮੱਸਿਆ ਨੂੰ ਗਾਂਧੀ ਨੇ ਆਰਥਿਕ ਪੱਖ ਤੋਂ ਜੋੜਿਆ ਹੈ। ਪਰ ਗਾਂਧੀ ਜੀ ਨੇ ਜਾਤੀ ਅਧਾਰਿਤ ਮੁੱਲਾਂ ਤੇ ਧਿਆਨ ਨਹੀਂ ਦਿੱਤਾ। ਦਲਿਤ ਆਪਣੇ ਜਾਤੀ ਕਿੱਤਿਆਂ ਨਾਲ ਜੁੜੇ ਰਹਿਣ ਕਾਰਨ ਨਿੱਤ ਅਪਮਾਨ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਇਸ ਸਥਿਤੀ ਵਿੱਚ ਜਾਤ ਅਧਾਰਤ ਕਿੱਤੇ ਨਾਲ ਜੁੜੇ ਹੋਣ ਕਰਕੇ ਦਲਿੱਤ ਕਦੇ ਵੀ ਸਮਾਜਿਕ ਮਾਨਤਾ ਪ੍ਰਾਪਤ ਨਹੀਂ ਕਰ ਸਕਣਗੇ। ਗਾਂਧੀ ਜੀ ਦੀ ਆਲੋਚਨਾ ਇਸ ਗੱਲ ਕਰਕੇ ਹੁੰਦੀ ਹੈ ਕਿ ਉਸ ਨੇ



Scanned with OKEN Scanner

ਜਾਤੀ ਦੇ ਸਵਾਲਾਂ ਦੀ ਚਰਚਾ ਨੂੰ ਅਣਦੇਖਿਆਂ ਕੀਤਾ, ਕਿ ਪੇਂਡੂ ਭਾਰਤ ਦੀ ਸਮਾਜਿਕ ਵਿਵਸਥਾ ਕਿੰਨੀ ਦਮ ਘੋਟੂ ਹੈ? ਇਸ ਦਾ ਅੰਦਾਜਾ ਦਲਿਤ ਹੋਣ ਤੋਂ ਹੀ ਲਗਾਇਆ ਜਾ ਸਕਦਾ ਹੈ। ਛੂਤ-ਛਾਤ ਦੇ ਭੈੜੇ ਅਨੁਭਵ ਦੀ ਘਿਨਾਉਣੀ ਤਸਵੀਰ ਪਿੰਡ-ਪਿੰਡ ਜਾ ਕੇ ਹੀ ਦਿਖਾਈ ਦਿੰਦੀ ਹੈ। ਪਿੰਡਾਂ ਵਿੱਚ ਦਲਿਤ ਔਰਤਾਂ ਹਮੇਸ਼ਾਅਸੁਰੱਖਿਅਤ ਰਹਿੰਦੀਆਂ ਹਨ। ਪਿੰਡਾਂ ਵਿੱਚ ਦਲਿਤ ਮਜ਼ਦੂਰਾਂ ਤੋਂ ਜਬਰੀ ਮਜ਼ਦੂਰੀ ਲਈ ਜਾਂਦੀ ਹੈ। ਇਸ ਲਈ ਦਲਿਤ ਸ਼ਹਿਰਾਂ ਵਿੱਚ ਜਾ ਕੇ ਮੁਕਤੀ ਦਾ ਰਾਹ ਲੱਭਦੇ ਹਨ।

ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਵਿੱਚ ਜਾਤ ਦੀ ਸਮੱਸਿਆਉਤਨੀ ਗੰਭੀਰ ਨਹੀਂ ਹੈ। ਪਰ ਦਲਿਤ ਚਾਹੇ ਵੀ ਤਾਂ ਪੇਂਡੂ ਭਾਰਤ ਨਾਲੋਂ ਆਪਣਾ ਸੰਬੰਧਨਹੀਂ ਤੋੜ ਸਕਦੇ। ਸਾਰੇ ਦਲਿਤਾਂ ਲਈ ਪਿੰਡ ਛੱਡ ਕੇ ਸ਼ਹਿਰ ਆਉਣਾ ਵਿ ਸੰਭਵ ਨਹੀਂ ਹੈ। ਸਵਾਲ ਇਹ ਹੈ ਕਿ ਉਹ ਕਿਸ ਢੰਗ ਦੀ ਸਮਾਜਿਕ ਸਥਿਤੀ ਹੋ ਸਕਦੀ ਹੈ ਜਿਸਵਿੱਚ ਦਲਿਤ ਸਮਾਜਿਕ ਸਦਭਾਵਨਾ ਦਾ ਅਨੁਭਵ ਕਰ ਸਕਦੇ ਹਨ? ਇਸ ਦੇ ਲਈ ਜ਼ਰੂਰੀ ਹੈ ਕਿ ਉਤਪਾਦਨ ਦੇ ਸਾਧਨਾਂ 'ਤੇ ਸਰਕਾਰੀ ਨੌਕਰੀਆਂ ਅਤੇ ਹਰ ਤਰ੍ਹਾਂ ਦੇ ਖੇਤਰ ਵਿਚ ਸਾਰਿਆਂ ਦਾ ਬਰਾਬਰ ਅਧਿਕਾਰ ਹੋਵੇ ਅਤੇ ਸਿਰਫ ਮੌਕੇ ਦੀ ਬਰਾਬਰੀ ਹੀ ਕਾਫੀ ਨਹੀਂ ਹੈ, ਇਸ ਦੇ ਨਾਲ ਸਮਾਜਿਕ ਬਰਾਬਰੀ ਵੀ ਲਾਜ਼ਮੀ ਹੈ ਅਖੌਤੀ ਉੱਚੀਆਂ ਜਾਤੀਆਂ ਨੂੰ ਆਪਣੇ ਦਿਲੋਂ ਦਲਤੀਸ਼ੂਦਰ ਸਮਾਜ ਪ੍ਰਤੀ ਨਫ਼ਰਤ ਦੀ ਭਾਵਨਾ ਨੂੰ ਖਤਮ ਕਰਨਾ ਪਵੇਗਾ ਅਤੇ ਰੋਟੀ ਦੇ ਨਾਲ ਬੇਟੀ ਦਾ ਸੰਬੰਧ ਵੀ ਸਥਾਪਿਤ ਕਰਨਾ ਪਵੇਗਾ। ਬਰਾਬਰੀ ਦੇ ਸਿਧਾਂਤ ਨੂੰ ਜ਼ਿਆਦਾ ਮਹੱਤਵ ਦਿੱਤੇਜਾਣਦੀ ਲੋੜ ਹੈ। ਅੰਤ ਵਿੱਚ ਸ੍ਰੀ. ਗੁਰੂ ਗ੍ਰੰਥ ਸਾਹਿਬ ਵਿਚੋਂ ਭਗਤ ਰਵਿਦਾਸ ਜੀ ਦਾ ਇਹ ਸ਼ਬਦ ਇਸ ਸਮੇਂ ਲਈ ਕਾਫੀ ਪ੍ਰਾਸੰਗਿਕ ਨਜ਼ਰ ਆਉਂਦਾ ਹੈ ਜਿਸ ਉੱਤੇ ਧਿਆਨ ਦੇਣਾ ਜ਼ਰੂਰੀ ਹੈ :-

ਬੇਗਮ ਪੁਰਾ ਸਹਰ ਕੋ ਨਾਉ॥
ਦੂਖੁਅੰਦੋਹੁ ਨਹੀ ਤਿਹਿਠਾਉ॥
ਕਹਿ ਰਵਿਦਾਸ ਖਲਾਸਚਮਾਰਾ॥
ਜੋ ਹਮਸਹਰੀ ਸੁ ਮੀਤੁ ਹਮਾਰਾ॥9

ਹਵਾਲੇ:

1. ਪੰਜਾਬੀ ਪੀਡੀਆ ਪਟਿਆਲਾ ਯੂਨੀਵਰਸਿਟੀ ਪਟਿਆਲਾ



Scanned with OKEN Scanner

2. ਭਾਈ ਕਾਨ੍ਹ ਸਿੰਘ ਨਾਭਾ,ਮਹਾਨਕੋਸ਼,ਪੰਨਾ 2202.

3. http://punjabipedia.org/topic.aspx?txt=%ਦਲਿਤ
http://punjabipedia.org/topic.asp

4. "ਦਲਿਤ ਸ਼ਬਦ ਦੀ ਮਨਾਹੀ ਦੇ ਅਰਥ --- ਗੁਰਮੀਤ ਪਲਾਹੀ–sarokar.ca".

www.sarokar.ca (in ਅੰਗਰੇਜ਼ੀ (ਅਮਰੀਕੀ)). Retrieved 2018-09-24.

5. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1292.

6. "Half of India's dalit population lives in 4 states – Times of India". The Times of India.ਮੂਲ ਤੋਂ 2 ਮਾਰਚ 2019 ਨੂੰ ਪ੍ਰਮਾਣਿਤ.

ਹਫ਼ਤਾਵਾਰ, 19 ਨਵੰਬਰ 2005, ਪੰਨਾ 4882.

7. Capitalism and Globalisation: Dalits and Adiviasis, Gail Omvedt, Economic and Political weekly, November 19,2005, ਪੰਨਾ 4882.

8. ਆਧੁਨਿਕਤਾ ਕੇ ਆਈਨੇ ਨੇ ਦਲਿਤ, ਐੱਸ,ਅਤੈ ਕੁਮਾਰ ਦੂਬੇ, ਪੰਨਾ 314-315.

9. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345.



Scanned with OKEN Scanner